# ਪਬਲਿਕ ਨੋਟਿਸ

ਆਮ ਜਨਤਾ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਪਰਮਾਨੰਦ ਪਤੀ ਟੇਕ ਸਿੰਘ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮ. ਤਹਿਸੀਲ ਵਾ ਜ਼ਿਲ੍ਹਾ ਪਠਾਨਕੋਟ ਵਿਖੇ ਇਕ ਸੇਲਜ਼ਮੈਨ/ਕੈਸ਼ੀਅਰ ਦੀ ਅਸਾਮੀ ਖਾਲੀ ਹੈ ਇਸ ਪੋਸਟ ਤੇ ਕੰਮ ਕਰਨ ਵਾਲੇ ਚਾਹਵਾਨ ਉਮੀਦਵਾਰਾਂ ਦੀਆਂ ਦਰਖਾਸਤਾਂ ਮਿਤੀ 22-03-2020 ਤੱਕ ਸਭਾ ਦੇ ਦਫ਼ਤਰ ਫੋਕਲ ਪੁਆਂਇਟ ਹਰੀਆਲ ਵਿਖੇ ਸਭਾ ਦੇ ਪ੍ਰਧਾਨ ਪਾਸ ਸਵੇਰੇ 11 ਵੱਜੇ ਤੱਕ ਲੈ ਕੇ ਹਾਜ਼ਰ ਹੋਣ ਇਸ ਅਸਾਮੀ ਦੀ ਨਿਯੁਕਤੀ 22-3-2020 ਨੂੰ ਹੀ ਕਰ ਦਿੱਤੀ ਜਾਵੇਗੀ। ਇਸ ਪੋਸਟ ਦੀਆਂ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ।

1. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ। 2. ਦੱਸਵੀਂ ਪੱਧਰ ਦੀ ਪੰਜਾਬੀ ਦੀ ਵਿਦਿਆਕ ਯੋਗਤਾ। 3. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ 'ਓ ਲੈਵਲ ਦੇ ਸਰਟੀਫਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਮਸ਼ਹੂਰ ਸੰਸਥਾ ਜੋ ISO 9001 ਅਨੁਸਾਰ ਤਸਦੀਕ ਸ਼ੁਦਾ ਹੋਵੇ ਘੱਟੋ ਘਟ 120 ਘੰਟੇ ਦਾ ਹੇਠ ਲਿਖਿਆ ਕੋਰਸ ਕੀਤਾ ਹੋਵੇ। ੳ) ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫੋਰਮੇਸ਼ਨ ਟੈਕਨੋਲੋਜੀ ਵਿਚ ਆਫਿਸ ਪੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ੰਗ ਦਾ ਕੋਰਸ। 4. ਉਮੀਦਵਾਰ ਦਾ ਪਿਛੋਕੜ ਪੇਂਡੂ ਹੋਵੇ। 5. ਨਿਯੁਕਤ ਕੀਤਾ ਵਿਅਕਤੀ ਇਕ ਸਾਲ ਦੇ ਲਈ ਅਜ਼ਮਾਇਸ਼ ਤੇ ਹੋਵੇਗਾ ਅਜ਼ਮਾਇਸ਼ ਦੇ ਸਮੇਂ ਦੋਰਾਨ ACSTI ਜਲੰਧਰ ਦੁਆਰਾ ਸੰਚਾਲਿਤ ਟੈਸਟ ਟ੍ਰੇਨਿੰਗ ਪਾਸ ਕਰਨਾ ਹੋਵੇਗਾ। 6. ਦਰਖਾਸਤ ਸਾਦੇ ਕਾਗਜ਼ ਤੇ ਦਿੱਤੀ ਜਾਵੇ ਅਤੇ ਆਪਣੇ ਸਰਟੀਫਕੇਟ ਇੰਟਰਵਿਊ ਸਮੇਂ ਨਾਲ ਪੇਸ਼ ਕੀਤੇ ਜਾਣ ਯੋਗ ਉਮੀਦਵਾਰ ਦੀ ਨਿਯੁਕਤੀ 23-3-2020 ਨੂੰ ਕਰ ਦਿੱਤੀ ਜਾਵੇਗੀ। 7. ਤਨਖਾਹ 6000/- ਪ੍ਰਤੀ ਮਹੀਨਾ ਇਕ ਸਾਲ ਲਈ ਉਕਾ ਮੁੱਕਾ ਦਿੱਤੀ ਜਾਵੇਗੀ ਅਤੇ ਸਾਲ ਬਾਅਦ ਕੰਮ ਕਾਜ ਤਸੱਲੀ-ਬਖਸ਼ ਹੋਣ ਤੇ ਡੀ ਸੀ ਰੇਟਾਂ ਤੇ ਦੇਣ ਲਈ ਵਿਚਾਰ ਕੀਤਾ ਜਾਵੇਗਾ।

ਸ਼ਮਸ਼ੇਰ ਸਿੰਘ (ਪ੍ਰਧਾਨ) ਦੀ ਪਰਮਾਨੰਦ ਪੱਤੀ ਟੇਕ ਸਿੰਘ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮ: ਤਹਿਸੀਲ ਜ਼ਿਲਾ ਪਠਾਨਕੋਟ।

Scanned with CamScanner